# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

E-Mail. id :deosebathinda@punjabeducation.gov.in

ਅਤਿ ਜ਼ਰੂਰੀ

ਵੱਲ

ਸਮੂਹ ਸਕੂਲ ਮੁੱਖੀ

ਸਸਸਸ/ਸਹਸ/ਸਮਿਸ

ਜਿਲ੍ਹਾ ਬਠਿੰਡਾ ।

ਪੱਤਰ ਨੰ:ਜੀ-1/1 ( ) 2023 / 5045

ਮਿਤੀ : 22/08/2023

ਵਿਸ਼ਾ : ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸ਼ਨ ਗਰੀਨ ਪੰਜਾਬ ਅਧੀਨ ਐਕਸ਼ਨ ਪਲਾਨ ਸਾਲ 2023-24 ਅਧੀਨ ਮਹੀਨਾਵਰ ਪ੍ਰਗਤੀ ਸਬੰਧੀ ।

ਹਵਾਲਾ : ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ ਦੇ ਮੀਮੋ ਨੰ : ਈ-129260/DPIEE-SRVCOIO/98/2020 BUDGET-DPIEE/1522 ਮਿਤੀ :09/08/2023 ਦੇ ਸਬੰਧ ਵਿਚ ।

ਉਪਰੋਕਤ ਵਿਸ਼ਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਆਪ ਵੱਲੋਂ ਪਹਿਲਾ ਵੀ ਇਹ ਸੂਚਨਾ ਮੰਗੀ ਗਈ ਸੀ ।ਜੋ ਹਰ ਮਹੀਨੇ ਦੀ 2 ਤਾਰੀਕ ਤੋਂ ਪਹਿਲਾ ਮੁੱਖ ਦਫਤਰ ਨੂੰ ਭੇਜੀ ਜਾਣੀ ਹੈ । ਪ੍ਰੰਤੂ ਹੁਣ ਉਕਤ ਹਵਾਲੇ ਦੇ ਸਬੰਧ ਵਿਚ ਅਗਸਤ ਮਹੀਨੇ ਦੀ ਸੂਚਨਾ ਭੇਜੀ ਜਾਣੀ ਹੈ । ਜਿਸ ਵਿਚ ਅਗਸਤ ਮਹੀਨੇ ਵਿਚ ਲਗਾਏ ਗਏ ਪੌਦਿਆਂ ਦੀ ਸੂਚਨਾ ਭਰੀ ਜਾਣੀ ਹੈ ।ਸੋ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਹਵਾਲੇ ਦੇ ਸਬੰਧ ਵਿਚ ਅਗਸਤ ਮਹੀਨੇ ਵਿਚ ਲਗਾਏ ਗਏ ਪੌਦਿਆਂ ਦੀ ਸੂਚਨਾ ਗੂਗਲ ਫਾਰਮ ਵਿਚ ਭਰਕੇ ਭੇਜੀ ਜਾਵੇ ।ਗੂਗਲ ਫਾਰਮ ਦਾ ਲਿੰਕ ਵੱਟਸਐਪ ਗਰੁੱਪ ਰਾਹੀ ਵੀ ਭੇਜਿਆ ਜਾਵੇਗਾ ।

ਪ੍ਰੋਫਾਰਮੇ ਅਨੁਸਾਰ ਮੰਗੀ ਗਈ ਸੂਚਨਾ **ਮਿਤੀ : 25/08/2023 ਸ਼ਾਮ -5:00 ਵਜ਼ੇ** ਤੱਕ ਭੇਜਣੀ ਯਕੀਨੀ ਬਣਾਈ ਜਾਵੇ ।ਸੂਚਨਾ ਪੰਜਾਬੀ ਭਾਸ਼ਾ ਵਿਚ ਹੀ ਭਰੀ ਜਾਵੇ ਤਾਂ ਜੋ CONSOLIDATE ਕਰਨਾ ਆਸਾਨ ਹੋ ਸਕੇ। ਜੇਕਰ ਸੂਚਨਾ ਸਮੇਂ ਸਿਰ ਨਹੀਂ ਭੇਜੀ ਜਾਂਦੀ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ ।

## ਪ੍ਰੋਫਾਰਮਾ

| ਲੜੀ ਨੰ | ਸਕੂਲ ਦਾ ਨਾਮ /ਯੂਡਾਈਸ ਕੋਡ | ਕੁੱਲ ਲਗਾਏ ਗਏ ਪੌਦਿਆਂ ਦੀ ਗਿਣਤੀ( ਅਗਸਤ ਮਹੀਨੇ ਦੀ ਰਿਪੋਰਟ) | ਲਗਾਏ ਗਏ ਪੌਦਿਆਂ ਦੀ ਕਿਸਮ ,ਕੀ ਪੌਦੇ ਫਲਦਾਰ, ਛਾਂ ਵਾਲੇ, ਮੈਡੀਸ਼ਿਨਲ ਹਨ | ਵਿਸ਼ੇਸ ਕਥਨ |
|---|---|---|---|---|
| | | | | |

ਗੂਗਲ ਫਾਰਮ ਦਾ ਲਿੰਕ : https://forms.gle/qCJZYdrPbXkMnh4y8

22/8/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ।

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਸਅਸ ਨਗਰ
ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ, (ਸੇਵਾਵਾਂ ਸ਼ਾਖਾ)
Email Id: dpiee.service@punjabeducation.gov.in

ਸਮੁੰ-ਬੱਧ/ਜਰੂਰੀ

ਵੱਲ:-

ਸਮੂਹ ਜਿਲਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਪੰਜਾਬ ਰਾਜ।

ਮੀਮੋ ਨੰ: ਈ-129260/DPIEE-SRVCOIO/98/2020-BUDGET-DPIEE/1522
ਮਿਤੀ: ਸਅਸ ਨਗਰ: 09-08-2023

ਵਿਸ਼ਾ: ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸਨ 'ਗਰੀਨ ਪੰਜਾਬ' ਅਧੀਨ ਐਕਸ਼ਨ ਪਲਾਨ ਸਾਲ 2023-24 ਅਧੀਨ ਮਹੀਨਾਵਾਰ ਪ੍ਰਗਤੀ ਸਬੰਧੀ।

ਹਵਾਲਾ: ਵਣ ਵਿਭਾਗ, ਪੰਜਾਬ ਦੇ ਪੱਤਰ ਨੰ:FOREST-EXTOEXTN(COID)/1/2020-EXTN ACT-EXTN CRL/1/612493/2023 ਮਿਤੀ 21/07/2023 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸ਼ਨ 'ਗਰੀਨ ਪੰਜਾਬ' ਅਧੀਨ ਐਕਸ਼ਨ ਪਲਾਨ, ਸਾਲ 2023-24 ਦੀ ਪ੍ਰਗਤੀ ਸਬੰਧੀ ਨੋਡਲ ਅਫਸਰ (ਸਬ-ਮਿਸ਼ਨ ਗਰੀਨ ਪੰਜਾਬ)-ਕਮ-ਵਣ ਪਾਲ ਵਿਸਥਾਰ ਸਰਕਲ, ਪੰਜਾਬ ਦੀ ਪ੍ਰਧਾਨਗੀ ਹੇਠ ਵਣ ਵਿਭਾਗ, ਪੰਜਾਬ, ਸੈਕਟਰ-68, ਸਅਸ ਨਗਰ ਵਿਖੇ ਮਿਤੀ 31/07/2023 ਨੂੰ ਰੀਵਿਊ ਮੀਟਿੰਗ ਕੀਤੀ ਗਈ ਹੈ। ਜਿਸ ਦੇ ਮੁਖ ਅੰਸ਼ ਇਸ ਪ੍ਰਕਾਰ ਹਨ:-

1. ਭਾਰਤ ਸਰਕਾਰ ਦੇ 75th AZADI KA AMRIT MAHOTSAV ਤਹਿਤ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਵੱਲੋਂ ਰਸਾਲਾ ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਪੌਦੇ ਲਗਾਉਣ ਦੀ ਵਿਧੀ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਦੇ ਤਰੀਕੇ ਦੱਸੇ ਗਏ ਹਨ, (ਕਾਪੀ ਨੱਥੀ)।
2. ਸਾਲ 2023-24 ਦੇ ਐਕਸ਼ਨ ਪਲਾਨ ਤਹਿਤ Key focus area-1, Sr. No. (ii) (g)- Plantation by School Education ਤਹਿਤ ਨਵੇਂ ਪੌਦਿਆਂ ਦੀ ਪਲਾਂਟੇਸ਼ਨ ਦੇ ਟੀਚਿਆਂ ਨੂੰ ਹਾਂਸਲ ਕਰਨ ਲਈ 80% ਪਲਾਂਟੇਸ਼ਨ 15-ਅਗਸਤ-2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨ ਲਈ ਲਿਖਿਆ ਹੈ, ਤਾਂ ਜੋ ਆਉਣ ਵਾਲੀ ਸਰਦ ਰੁੱਤ ਵਿੱਚ ਇੰਨ੍ਹਾਂ ਪੌਦਿਆਂ ਨੂੰ ਬਚਾਉਣ ਦੇ ਉਪਰਾਲੇ ਕੀਤੇ ਜਾ ਸਕਣ।
3. ਬਾਰਿਸ਼ ਦੇ ਮੌਸਮ ਦਾ ਇਹ High Time ਹੈ, ਨਵੇਂ ਪੌਦੇ ਲਗਾਉਣ ਦਾ ਇਹ ਉਚਿਤ ਸਮ੍ਹਾਂ ਹੈ। ਰੋਜਾਨਾ ਅਧਾਰ ਤੇ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਬਾਰਿਸ਼, ਪਾਣੀ ਦੇ ਗੁਣਾਂ ਅਤੇ ਸੀਮਤ ਸਰੋਤਾਂ, ਆਲਮੀ ਤਪਸ਼/ਸੰਸਾਰੀ ਤਾਪ ਅਤੇ ਗਰੀਨ ਮਿਸ਼ਨ ਬਾਰੇ ਜਾਗਰੂਕ ਕਰਦੇ ਹੋਏ Key focus area-2, Spreading awareness to students in schools ਵਿੱਚ ਵਿਦਿਆਰਥੀਆਂ ਵਿੱਚ ਵਾਤਾਵਰਣ ਨੂੰ ਸਾਫ਼ ਰੱਖਣ ਬਾਰੇ ਪ੍ਰੇਰਿਤ ਕੀਤਾ ਜਾਵੇ।
4. ਨੋਡਲ ਅਫ਼ਸਰ (ਸਬ-ਮਿਸ਼ਨ ਗਰੀਨ ਪੰਜਾਬ)-ਕਮ-ਵਣ ਪਾਲ ਵਿਸਥਾਰ ਸਰਕਲ, ਪੰਜਾਬ ਵੱਲੋਂ ਦੱਸਿਆ ਗਿਆ ਕਿ ਵਣ ਵਿਭਾਗ ਦੇ ਵਿਸਥਾਰ ਵਣ ਮੰਡਲਾਂ ਵੱਲੋਂ ਇੱਕ ਰੋਜ਼ਾ ਜਾਗਰੂਕਤਾ ਕੈਂਪ ਸਕੂਲਾਂ ਵਿੱਚ ਕਰਵਾਇਆ ਜਾ ਰਿਹਾ ਹੈ। ਹਰ ਕੈਂਪ ਦੇ ਅਧੀਨ ਸਰਕਾਰੀ ਸਕੂਲਾਂ ਦੇ 120-125 ਵਿਦਿਆਰਥੀਆਂ ਨੂੰ ਕੈਂਪ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਜਾਗਰੂਕਤਾ ਕੈਂਪਾਂ ਦੇ ਆਯੋਜਨ ਦਾ ਉਦੇਸ਼ ਸਕੂਲੀ ਵਿਦਿਆਰਥੀਆਂ ਭਾਵ ਭਵਿੱਖ ਦੇ ਨਾਗਰਿਕਾਂ ਨੂੰ ਜੰਗਲ, ਜੰਗਲੀ ਜੀਵਾਂ ਅਤੇ ਵਾਤਾਵਰਣ ਪ੍ਰਤੀ ਜਾਗਰੂਕ ਕਰਕੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਪ੍ਰੇਰਿਤ ਕਰਨਾ ਹੈ।
5. ਇਸ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਦੇ ਬਰੇਕ ਫਾਸਟ, ਲੰਗ, ਨੇਚਰ ਟਰੇਲ ਵਿਜ਼ਿਟ, ਬਰਡ ਵਾਚਿੰਗ, ਪੇਂਟਿੰਗ, ਭਾਸਣ ਆਦਿ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਵਿਦਿਆਰਥੀਆਂ ਨੂੰ Momentos, ਵਣ ਸਬੰਧੀ ਲਿਟਰੇਚਰ, Caps, ਨਵੇਂ ਸਾਲ-2023 ਦੇ ਕਲੰਡਰ ਆਦਿ ਬੱਚਿਆਂ ਨੂੰ ਸਨਮਾਨ ਦੇ ਤੌਰ ਤੇ ਦਿੱਤੇ ਜਾਂਦੇ ਹਨ।
6. ਜੇਕਰ, ਕੋਈ ਵੀ ਸਰਕਾਰੀ ਸਕੂਲ ਇੱਕ ਰੋਜ਼ਾ ਜਾਗਰੂਕਤਾ ਕੈਂਪ ਵਿੱਚ ਭਾਗ ਲੈਣਾ ਚਾਹੁੰਦਾ ਹੈ ਤਾਂ ਵਣ ਵਿਭਾਗ ਦੇ ਵਣ ਮੰਡਲ ਅਫ਼ਸਰ (ਵਿਸਥਾਰ), ਪਟਿਆਲਾ, ਫ਼ਿਲੌਰ ਅਤੇ ਬਠਿੰਡਾ ਨਾਲ ਸੰਪਰਕ ਕਰ ਸਕਦਾ ਹੈ।

ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਵਣ ਵਿਭਾਗ, ਪੰਜਾਬ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਵੱਧ-ਤੋਂ-ਵੱਧ ਨਵੇਂ ਪੌਦੇ ਲਗਾਏ ਜਾਣ ਅਤੇ ਮਹੀਨਾਵਾਰ ਰਿਪੋਰਟ ਹਰ ਮਹੀਨੇ ਦੀ ਮਿੱਥੀ ਹੋਈ 02 ਤਰੀਖ ਨੂੰ ਸਮੇਂ-ਸਿਰ ਭੇਜਣੀ ਯਕੀਨੀ ਬਣਾਈ ਜਾਵੇ ਜੀ।

ਸੁਪਰਡੰਟ (ਸੇਵਾਵਾਂ ਸ਼ਾਖਾ)